Roll No. ..................

**004/A**

Total No. of Questions : 9]

[Total No. of Printed Pages : 3

**SS**

**2320**

**ਸਲਾਨਾ ਪਰੀਖਿਆ ਪ੍ਰਨਾਲੀ**

**PUNJABI (Elective)**

**(Evening Session)**

Time allowed : Three hours

Maximum marks : 90

*ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲ਼ੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ* **004/A** *ਜ਼ਰੂਰ ਦਰਜ ਕਰੋ ਜੀ ।*

*(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।*

*(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।*

*(iv) ਸਾਰੇ ਪ੍ਰਸ਼ਨ ਜ਼ਰੂਰੀ ਹਨ ।*

*(v) ਪ੍ਰਸ਼ਨ ਦਾ ਉੱਤਰ ਖ਼ਤਮ ਹੋਣ 'ਤੇ ਇੱਕ ਲਾਈਨ ਲਾ ਦਿਓ ।*

**1.** ਪੁੱਛੇ ਗਏ ਵਸਤੂਨਿਸ਼ਠ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ: 10×1=10

(ੳ) 'ਪਾਵੇਂਗਾ ਦੀਦਾਰ ਸਾਹਿਬ ਦਾ' ਕਾਫ਼ੀ ਵਿੱਚ ਸ਼ਾਹ ਹੁਸੈਨ ਨੇ 'ਮੀਣੀ ਢੱਗੀ' ਕਿਸ ਨੂੰ ਕਿਹਾ ਹੈ ? 1

(ਅ) ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਿਸੇ ਇੱਕ ਰਚਨਾ ਦਾ ਨਾਂ ਦੱਸੋ । 1

(ੲ) ਕਿੱਸਾ 'ਯੂਸਫ਼ ਜ਼ੁਲੈਖ਼ਾਂ' ਕਿਸ ਦੇਸ ਨਾਲ਼ ਸੰਬੰਧਤ ਹੈ ? 1

(ਸ) 'ਚੰਡੀ ਦੀ ਵਾਰ' ਦਾ ਰਚਨਹਾਰ ਕੌਣ ਹੈ ? 1

(ਹ) ਅੰਮ੍ਰਿਤਾ ਪ੍ਰੀਤਮ ਦੇ ਲਿਖੇ ਸਵੈ-ਜੀਵਨੀ ਅੰਸ਼ ਦਾ ਨਾਂ ਲਿਖੋ । 1

(ਕ) ਗੁਰਬਖ਼ਸ਼ ਸਿੰਘ ਪ੍ਰੀਤਲੜੀ ਅਨੁਸਾਰ ਦੁਨੀਆਂ ਦਾ ਸਭ ਤੋਂ ਸਾਫ਼ ਮੁਲਕ ਕਿਹੜਾ ਹੈ ? 1

(ਖ) ਨਾਟਕ ਨੂੰ ................ ਵੇਦ ਕਿਹਾ ਜਾਂਦਾ ਹੈ । 1

(ਗ) ਪਿੰਗਲ ਰਿਸ਼ੀ ਦੇ ਗ੍ਰੰਥ ਦਾ ਨਾਂ ਦੱਸੋ । 1

(ਘ) ਕਿਸੇ ਦੋ ਅਲੰਕਾਰਾਂ ਦੇ ਨਾਂ ਲਿਖੋ । 1

(ਙ) 'ਚੰਡੀ ਦੀ ਵਾਰ' ਕਿਹੜੇ ਰਸ ਦਾ ਉੱਤਮ ਨਮੂਨਾ ਹੈ ? 1

2. ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 8×2=16

(ੳ) ਆਪਣਿਆਂ ਵਿੱਚ ਉਲਫ਼ਤ ਨਾਹੀਂ, ਕੋਰੇ ਚਾਚੇ ਤਾਏ ।
ਪਿਉ ਪੁੱਤਰ ਇਤਫ਼ਾਕ ਨਾ ਕਾਈ, ਧੀਆਂ ਨਾਲ਼ ਨਾ ਮਾਏ ।
ਸੱਚਿਆਂ ਨੂੰ ਹੁਣ ਮਿਲ਼ਦੇ ਧੱਕੇ, ਝੂਠੇ ਕੋਲ ਬਹਾਏ ।
ਕਾਉਂ ਲਗੜ ਨੂੰ ਮਾਰਨ ਲੱਗੇ, ਚਿੜੀਆਂ ਜੁੱਰੇ ਖਾਏ । 8

(ਅ) ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ ਜਿਉ ਤ੍ਰਿਖਾਵੰਤੁ ਬਿਨੁ ਨੀਰ ॥
ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ ॥
ਹਮਰੀ ਬੇਦਨ ਹਰਿ ਪ੍ਰਭੁ ਜਾਨੈ ਮੇਰੇ ਮਨ ਅੰਤਰ ਕੀ ਪੀਰ ॥ ਰਹਾਉ ॥ 8

(ੲ) ਦਸ ਮਹੀਆਂ ਦਾ ਘਿਉ ਦਿੱਤਾ, ਬੱਕੀ ਦੇ ਢਿੱਡ ਪਾ ।
ਬੱਕੀ ਤੋਂ ਡਰਨ ਫ਼ਰਿਸ਼ਤੇ, ਤੇ ਮੈਤੋਂ ਡਰੇ ਖ਼ੁਦਾ ।
ਚੁੱਭੀ ਵਿੱਚ ਪਤਾਲ ਲਾ, ਉਡ ਕੇ ਚੜ੍ਹੇ ਅਕਾਸ਼ ।
ਚੜ੍ਹਨਾ ਆਪਣੀ ਮੌਜ ਨੂੰ, ਬੱਕੀ ਨੂੰ ਲਾਜ ਨਾ ਲਾ । 8

(ਸ) ਸੇ-ਸਾਬਤੀ ਰਹੀ ਨਾ ਵਿੱਚ ਉਸ ਦੇ,
ਮੈਨੂੰ ਪਕੜ ਕੇ ਪਾਸ ਬਹਾਨ ਲੱਗੀ ।
ਗੁਰੂ ਨਾਥ ਜੀ ਗੱਲ ਨੂੰ ਸਮਝਿਆ ਜੇ,
ਕੜਾ ਜ਼ਿਮੀਂ ਅਸਮਾਨ ਦਾ ਢਾਹਨ ਲੱਗੀ । 8

3. ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ ਇੱਕ ਕਵਿਤਾ ਦਾ ਕੇਂਦਰੀ-ਭਾਵ ਲਿਖੋ : 1×5=5

(ੳ) ਸਤੀਆ ਏਹਿ ਨ ਆਖੀਅਨਿ (ਸ੍ਰੀ ਗੁਰੂ ਅਮਰਦਾਸ ਜੀ) 5

(ਅ) ਪੂਰਨ ਦਾ ਵਿਦਾ ਹੋਣਾ (ਕਾਦਰਯਾਰ) 5

(ੲ) ਸਾਹਿਬਾਂ ਤੇ ਮਿਰਜ਼ੇ ਦੀ ਵਾਰਤਾਲਾਪ (ਪੀਲੂ) 5

4. (ੳ) ਗੁਰਮਤਿ ਕਾਵਿ-ਧਾਰਾ ਦੀਆਂ ਕਾਵਿਕ ਵਿਸ਼ੇਸ਼ਤਾਵਾਂ ਨਾਲ ਜਾਣ-ਪਛਾਣ ਕਰਾਓ । 15

ਜਾਂ

(ਅ) ਬੁੱਲ੍ਹੇ ਸ਼ਾਹ ਦੇ ਜੀਵਨ ਅਤੇ ਰਚਨਾ ਬਾਰੇ ਨੋਟ ਲਿਖੋ । 15

5. 'ਆਪ-ਬੀਤੀਆਂ' ਪਾਠ-ਪੁਸਤਕ ਵਿੱਚੋਂ ਪੁੱਛੇ ਗਏ ਕਿਸੇ ਪੰਜ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ : 5×4=20

(ੳ) ਤੇਜਾ ਸਿੰਘ ਨੂੰ ਪੜ੍ਹਾਈ ਕਰਨ ਵਿੱਚ ਕਿਸ ਤਰ੍ਹਾਂ ਦੀਆਂ ਔਕੜਾਂ ਆਈਆਂ ਤੇ ਉਸ ਨੇ ਇਹਨਾਂ ਨੂੰ ਕਿਵੇਂ ਹੱਲ ਕੀਤਾ ? 4

(ਅ) ਪ੍ਰਿੰ. ਸਾਹਿਬ ਸਿੰਘ ਨੇ ਡਾਕਖ਼ਾਨੇ ਦੀ ਨੌਕਰੀ ਕਿਉਂ ਛੱਡ ਦਿੱਤੀ ਸੀ ? ਨੌਕਰੀ ਛੱਡਣ ਉਪਰੰਤ ਉਸ ਨੇ ਕੀ ਕੰਮ ਕੀਤਾ ? 4

(ੲ) ਦਿੱਲੀ ਦੇ ਡਿਪਟੀ ਕਮਿਸ਼ਨਰ ਲੱਗਣ ਉਪਰੰਤ ਡਾ. ਰੰਧਾਵਾ ਨੇ ਪੇਸ਼ਗੀ ਕਿਰਾਇਆ ਦੱਬਣ ਵਾਲ਼ੇ ਲਾਲਾ ਜੀ ਨੂੰ ਕਿਵੇਂ ਸਬਕ ਸਿਖਾਇਆ ? 4

(ਸ) ਬਲਵੰਤ ਗਾਰਗੀ ਆਪਣੇ ਬੇਟੇ ਮਨੂੰ ਨੂੰ 'ਗਿਠਮੁਠੀਆ ਬਲਵੰਤ' ਕਿਉਂ ਕਹਿੰਦਾ ਸੀ ? 4

(ਹ) ਲੋਕ-ਸਾਹਿਤ ਇੱਕਤਰ ਕਰਨ ਲਈ ਵਣਜਾਰਾ ਬੇਦੀ ਨੂੰ ਕਿਸ-ਕਿਸ ਤਰ੍ਹਾਂ ਦੇ ਯਤਨ ਕਰਨੇ ਪਏ ? ਪਾਠ ਦੇ ਅਧਾਰ 'ਤੇ ਦੱਸੋ । 4

(ਕ) 'ਚੰਡੀਗੜ੍ਹ ਵਿੱਚ ਨਿਯੁਕਤੀ' ਉਪਰੰਤ ਲੇਖਕ ਨੇ ਆਪਣੇ ਰੁਝੇਵਿਆਂ ਬਾਰੇ ਕੀ ਦੱਸਿਆ ਹੈ । 4

(ਖ) ਧੀ ਦਾ ਬਾਪ ਬਣਨ ਦੀ ਖ਼ਬਰ ਸੁਣ ਕੇ ਦਾਰਾ ਸਿੰਘ ਨੇ ਕੀ ਮਹਿਸੂਸ ਕੀਤਾ ? ਆਪਣੇ ਸ਼ਬਦਾਂ ਵਿੱਚ ਲਿਖੋ । 4

(ਗ) ਪਾਠ ਵਿੱਚ ਕਿਹੜੇ ਵੇਰਵਿਆਂ ਤੋਂ ਪਤਾ ਲਗਦਾ ਹੈ ਕਿ ਪੂਰਨ ਸਿੰਘ ਨੂੰ ਬਚਪਨ ਤੋਂ ਹੀ ਪ੍ਰਕਿਰਤੀ ਨਾਲ ਪਿਆਰ ਹੈ ? 4

6. 'ਸਾਹਿਤ-ਬੋਧ' ਪਾਠ-ਪੁਸਤਕ ਵਿੱਚੋਂ ਪੁੱਛੇ ਗਏ ਕਿਸੇ **ਇੱਕ** ਸਾਹਿਤ ਰੂਪ ਬਾਰੇ ਨੋਟ ਲਿਖੋ : 1×12=12

(ੳ) ਕਵਿਤਾ 12

(ਅ) ਸਵੈ-ਜੀਵਨੀ 12

(ੲ) ਇਕਾਂਗੀ 12

7. ਪੁੱਛੇ ਗਏ ਛੰਦ ਬਾਰੇ ਉਦਾਹਰਨਾਂ ਸਹਿਤ ਉੱਤਰ ਦਿਓ : 4

ਕੋਰੜਾ ਛੰਦ ਜਾਂ ਦੋਹਰਾ ਛੰਦ

8. ਪੁੱਛੇ ਗਏ ਅਲੰਕਾਰ ਬਾਰੇ ਉਦਾਹਰਨਾਂ ਸਹਿਤ ਉੱਤਰ ਦਿਓ : 4

ਉਪਮਾ ਅਲੰਕਾਰ ਜਾਂ ਦ੍ਰਿਸ਼ਟਾਂਤ ਅਲੰਕਾਰ

9. ਪੁੱਛੇ ਗਏ ਰਸ ਬਾਰੇ ਉਦਾਹਰਨਾਂ ਸਹਿਤ ਉੱਤਰ ਦਿਓ : 4

ਬੀਰ ਰਸ ਜਾਂ ਸ਼ਿੰਗਾਰ ਰਸ